
# ਸਾਹਿਤ, ਭਾਸ਼ਾ ਤੇ ਸੱਭਿਆਚਾਰ
## ਹਾਸ਼ੀਆਗਤ ਸਮੂਹਾਂ ਦੀ ਚੇਤਨਾ



ਸੰਪਾਦਕ
ਲਖਵੀਰ ਸਿੰਘ

Criteria no. and Brief Description

**INTERNATIONAL PUBLISHERS**
**REPRESENTATION OFFICES**
• 596 Street, Madera, California-93638
• 8 Automatic Rd, Unit 2C, Brampton L6S 3N5, Canada

ISBN : 978-93-5205-715-3

# Sahit, Bhasha Te Sabyachar

(Hasiyaghat Samooh'an di Chetna)

Edited by

**Lakhvir Singh**
ਸਹਾਇਕ ਪ੍ਰੋਫੈਸਰ ਤੇ ਮੁਖੀ
ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ
ਦਸਮੇਸ਼ ਖਾਲਸਾ ਕਾਲਜ
ਸ੍ਰੀ ਮੁਕਤਸਰ ਸਾਹਿਬ
ਫੋਨ ਨੰ 95011-20526
drlakhveersidhu@gmail.com

2022
Published by
Unistar Books Pvt. Ltd.
Printed & bound at
301, Industrial Area, Phase-9,
S.A.S. Nagar, Mohali-Chandigarh (India)
email : unistarbooks@gmail.com
website : www.unistarbooks.com
Ph. +91-172-5027427, 5027429

© 2022
Produced and bound in India
*All rights reserved*
*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

# ਤਤਕਰਾ


ਦੋ ਸ਼ਬਦ ix

ਭੂਮਿਕਾ xi

1. ਪੰਜਾਬੀ ਕਵਿਤਾ ਵਿਚ ਹਾਸ਼ੀਆਗਤ ਧਿਰਾਂ ਦੀ ਚੇਤਨਾ 1
   ਡਾ. ਸਰਬਜੀਤ ਸਿੰਘ
2. ਨਿਰਗੁਣ ਸ਼ਬਦ ਵਿਚਾਰ! 13
   ਦੇਸ ਰਾਜ ਕਾਲੀ
3. ਬੌਰੀਆ ਕਬੀਲੇ ਦਾ ਭਾਸ਼ਾਈ ਸਭਿਆਚਾਰ 20
   ਡਾ. ਪਰਮਜੀਤ ਸਿੰਘ ਢੀਂਗਰਾ
4. ਹਾਸ਼ੀਆਗਤ ਚੇਤਨਾ ਅਤੇ ਮੱਧਕਾਲੀ ਪੰਜਾਬੀ ਸਾਹਿਤ 42
   ਡਾ. ਇਕਬਾਲ ਸਿੰਘ ਗੋਦਾਰਾ
5. ਹਾਸ਼ੀਆਗਤ ਸਮੂਹਾਂ ਦੀ ਚੇਤਨਾ: ਮੱਧਕਾਲੀਨ ਸਾਹਿਤ ਸੰਦਰਭ 48
   ਡਾ. ਕਮਲਪ੍ਰੀਤ ਕੌਰ
6. ਪੰਜਾਬੀ ਸੂਫ਼ੀ ਕਾਵਿ: ਹਾਸ਼ੀਆਕ੍ਰਿਤ ਲੋਕਾਂ ਦੀ ਚੇਤਨਾ 72
   ਡਾ. ਜਸਪਾਲ ਸਿੰਘ
7. ਗੁਰੂ ਰਵਿਦਾਸ ਬਾਣੀ ਵਿਚ ਦਲਿਤ ਚੇਤਨਾ 82
   ਹਰਦੀਪ ਸਿੰਘ
8. ਗੁਰੂ ਗ੍ਰੰਥ ਸਾਹਿਬ ਵਿਚ ਦਲਿਤ ਚੇਤਨਾ 89
   ਡਾ. ਕਮਲਜੀਤ ਕੌਰ
9. ਗੁਲਾਬਦਾਸੀ ਸੰਪ੍ਰਦਾਇ : ਸਾਹਿਤ ਇਤਿਹਾਸ ਤੇ ਵਿਚਾਰਧਾਰਾ 100
   ਪ੍ਰੋ. ਲਖਵੀਰ ਸਿੰਘ
10. ਬਸਤੀਵਾਦੀ ਸਾਮਰਾਜ 'ਚ ਹਾਸ਼ੀਏ ਦਾ ਰਾਜਸੀ ਪ੍ਰਵਚਨ 111
    ਡਾ. ਕਿਰਨਪਾਲ ਸਿੰਘ

# ਗੁਰੂ ਰਵਿਦਾਸ ਬਾਣੀ ਵਿਚ ਦਲਿਤ ਚੇਤਨਾ

ਹਰਦੀਪ ਸਿੰਘ*

ਦਲਿਤ, ਦਲਿਤ ਚੇਤਨਾ ਤੇ ਦਲਿਤ ਸਾਹਿਤ ਬਾਰੇ ਅੱਜ ਤੱਕ ਬਹੁਤ ਕੁਝ ਲਿਖਿਆ ਗਿਆ ਹੈ ਅਤੇ ਬਹੁਤ ਕੁਝ ਲਿਖਿਆ ਜਾਣਾ ਬਾਕੀ ਹੈ। ਜੋ ਕੁਝ ਲਿਖਿਆ ਗਿਆ ਹੈ, ਉਸ ਮੁਤਾਬਿਕ ਦਲਿਤ ਚੇਤਨਾ ਦਾ ਮੁੱਖ ਪ੍ਰਯੋਜਨ ਜਾਤੀ ਉਤਪੀੜਨ ਅਤੇ ਇਸਦੇ ਕਾਰਨਾਂ ਪ੍ਰਤੀ ਅਕਰੋਸ਼ ਦੀ ਭਾਵਨਾ ਪੈਦਾ ਕਰਕੇ ਭਾਰਤੀ ਸਮਾਜ ਵਿਚ ਚੰਗੇ ਤੇ ਨਿਰਮਾਣਕਾਰੀ ਤੱਤ ਪੈਦਾ ਕਰਨਾ ਹੈ। ਦਲਿਤ ਚੇਤਨਾ ਉਹਨਾਂ ਮੁੱਲਾਂ, ਨਿਯਮਾਂ, ਸੂਤਰਾਂ ਤੇ ਸਮਾਜਿਕ ਦਰਜਾਬੰਦੀਆਂ ਨੂੰ ਨਕਾਰਦੀ ਹੈ ਜਿਹੜੇ ਵਰਣ ਵਿਵਸਥਾ ਅਤੇ ਜਾਤੀ-ਪਾਤੀ ਵਰਤਾਰੇ ਨੂੰ ਬਣਾਈ ਰੱਖਣ ਵੱਲ ਰੁਚਿਤ ਹੁੰਦੇ ਹਨ। ਦਲਿਤ ਚੇਤਨਾ ਸਮਾਜਿਕ ਬਰਾਬਰੀ ਨੂੰ ਉਭਾਰਦੀ ਹੈ, ਜਾਤੀ ਦਵੈਸ਼ ਨੂੰ ਨਹੀਂ।

ਦਲਿਤ ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ। ਇਸਦੀ ਉਤਪੱਤੀ ਸੰਸਕ੍ਰਿਤ ਦੇ 'ਦਲ' ਧਾਤੂ ਤੋਂ ਹੋਈ ਹੈ। ਜਿਸਦਾ ਅਰਥ ਹੈ, ਦਲਨਾ, ਤੋੜਨਾ, ਕੁਚਲਨਾ, ਖੰਡਿਤ ਕਰਨਾ ਆਦਿ। ਇੰਝ ਸ਼ਾਬਦਿਕ ਅਰਥਾਂ ਵਿਚ ਦਲਿਤ ਸ਼ਬਦ ਅੰਗਰੇਜ਼ੀ ਭਾਸ਼ਾ ਦੇ ਸ਼ਬਦ OPPRESSED ਅਤੇ BROKEN ਦਾ ਸਮਾਨਅਰਥੀ ਹੈ। ਜਿਸ ਤੋਂ ਭਾਵ ਦੱਬਿਆ, ਕੁਚਲਿਆ ਜਾਂ ਲਿਤਾੜਿਆ ਮਨੁੱਖ ਹੈ।1 ਅਜੋਕੇ ਸਮੇਂ ਵਿਚ ਇਸ ਦੀ ਵਰਤੋਂ ਸਨਾਤਨੀ ਵਰਣ ਵਿਵਸਥਾ ਜਾਂ ਜਾਤੀ ਵਿਵਸਥਾ (ਪ੍ਰਥਾ) ਅਨੁਸਾਰ, ਸ਼ੂਦਰ ਜਾਂ ਅਛੂਤ ਆਖੀਆਂ ਜਾਣ ਵਾਲੀਆਂ ਜਾਤੀਆਂ, ਜਨ-ਜਾਤੀਆਂ ਅਤੇ ਹੋਰ ਪੱਛੜੀਆਂ ਸ਼੍ਰੇਣੀਆਂ ਦੇ ਸੰਦਰਭ ਵਿਚ ਕੀਤੀ ਜਾਂਦੀ ਹੈ। ਡਾ. ਰੌਣਕੀ ਰਾਮ ਅਨੁਸਾਰ,

> ਦਲਿਤ ਤੋਂ ਭਾਵ ਹੈ, ਸਮਾਜ ਦੇ ਦੱਬੇ-
> ਕੁਚਲੇ ਅਤੇ ਮਨੁੱਖੀ ਅਧਿਕਾਰਾਂ ਤੋਂ ਵੰਚਿਤ
> ਸਦੀਆਂ ਬੱਧੀ ਅਤੇ ਪੁਸ਼ਤ-ਦਰ-ਪੁਸ਼ਤ
> ਅਖੌਤੀ ਅਤਿ ਨੀਚ ਜਾਤੀ ਨਾਲ ਸੰਬੰਧਿਤ ਲੋਕ।[2]

ਭਾਰਤ ਵਿਚ ਜ਼ਿਆਦਾਤਰ ਲੋਕ ਨੀਵੀਂ ਆਰਥਿਕਤਾ ਵਾਲੇ ਹਨ। ਜਿਹਨਾਂ ਵਿਚ ਜ਼ਿਆਦਾਤਰ ਬਹੁਗਿਣਤੀ ਦਲਿਤ ਸ਼੍ਰੇਣੀ ਦੀ ਹੈ। ਸਮਾਜਿਕ ਅਤੇ

---

* ਅਸਿਸਟੈਂਟ ਪ੍ਰੋਫੈਸਰ, ਪੰਜਾਬ ਯੂਨੀਵਰਸਿਟੀ ਰਿਜਨਲ ਸੈਂਟਰ, ਸ੍ਰੀ ਮੁਕਤਸਰ ਸਾਹਿਬ। ਮੋਬਾਇਲ 98761-30607 Email: hardip.rajaram.607@gmail.com

ਆਰਥਿਕ ਪੱਖੋਂ ਪੱਛੜੇ ਲੋਕ ਸਭਿਆਚਾਰਕ, ਧਾਰਮਿਕ, ਮਾਨਸਿਕ ਅਤੇ ਰਾਜਨੀਤਿਕ ਤੌਰ 'ਤੇ ਆਮ ਲੋਕਾਈ ਨਾਲੋਂ ਪਿੱਛੇ ਹੁੰਦੇ ਹਨ। ਡਾ. ਸਰਬਜੀਤ ਸਿੰਘ ਅਨੁਸਾਰ,

> ਹਾਸ਼ੀਆਕ੍ਰਿਤ ਪ੍ਰਾਣੀ ਹੀ ਦਲਿਤ ਹੈ, ਜਿਹੜਾ
> ਆਰਥਿਕਤਾ ਦੇ ਨਾਲ-ਨਾਲ ਸਮਾਜਿਕ,
> ਧਾਰਮਿਕ, ਸਭਿਆਚਾਰਕ, ਮਾਨਸਿਕ,
> ਰਾਜਨੀਤਕ ਅਤੇ ਜਾਤੀ ਸੋਸ਼ਣ ਦਾ ਸ਼ਿਕਾਰ ਰਿਹਾ ਹੈ।[3]

ਭਾਰਤੀ ਸਮਾਜ ਵਿਚ ਰਾਜਨੀਤਕ ਅਤੇ ਵਿਸ਼ੇਸ਼ ਤੌਰ ਉੱਤੇ ਸਾਹਿਤ ਅਤੇ ਚਿੰਤਨ ਦੇ ਖੇਤਰ ਵਿਚ ਪਿਛਲੇ ਕੁਝ ਸਮੇਂ ਤੋਂ ਦਲਿਤ ਅਤੇ ਦਲਿਤ ਚੇਤਨਾ ਇਕ ਸੰਵਾਦ ਦਾ ਰੂਪ ਲੈ ਚੁੱਕੀ ਹੈ। ਚੇਤਨਾ ਅੰਗਰੇਜ਼ੀ ਭਾਸ਼ਾ ਦੇ ਸ਼ਬਦ CONSIOUSNESS ਦਾ ਸਮਾਨਅਰਥੀ ਹੈ। ਵਿਭਿੰਨ ਕੋਸ਼ਾਂ ਵਿਚ ਚੇਤਨਾ ਦੇ ਅਰਥ ਬੁੱਧੀ, ਮਨੋਬਿਰਤੀ, ਗਿਆਨਆਤਮਕ ਬਿਰਤੀ, ਸਮਝਣਾ, ਵਿਚਾਰਨਾ, ਸੋਚਨਾ, ਹੋਸ਼, ਗਿਆਨ, ਭਾਵਾਂ, ਅਨੁਭੂਤੀਆਂ ਦਾ ਸਮੁੱਚ ਹੈ, ਜੋ ਵਿਅਕਤੀ ਨੂੰ ਚੇਤੰਨ ਬਣਾਉਂਦੇ ਹਨ। ਚੇਤਨਾ ਇਕ ਮੰਤਵੀ ਨਾ ਹੋ ਕੇ ਬਹੁ-ਮੰਤਵੀ ਧਾਰਨਾਵਾਂ ਦਾ ਇਕ ਸਮੂਹ ਹੈ। ਦਲਿਤ ਚੇਤਨਾ ਨੂੰ ਪਰਿਭਾਸ਼ਤ ਕਰਦਿਆਂ ਡਾ. ਜਸਬੀਰ ਸਿੰਘ ਸਾਬਰ ਲਿਖਦੇ ਹਨ,

> ਜੀਵਨ ਦੇ ਹਰ ਖੇਤਰ ਵਿਚ ਦਬਾਏ, ਡਰਾਏ,
> ਦੁਰਕਾਰੇ, ਫਿਟਕਾਰੇ ਅਥਵਾ ਹਰ ਪ੍ਰਕਾਰ ਦੇ
> ਸਮਾਜਿਕ ਸੋਸ਼ਣ ਦੇ ਸ਼ਿਕਾਰ-ਪ੍ਰਬੰਧ ਤੋਂ
> ਛੁਟਕਾਰਾ ਪ੍ਰਾਪਤ ਕਰਨ ਹਿੱਤ ਕੀਤੇ ਜਾਂਦੇ
> ਪ੍ਰਚੰਡ ਯਤਨ 'ਦਲਿਤ ਚੇਤਨਾ' ਹੈ।[4]

ਦਲਿਤ ਤੇ ਦਲਿਤ ਚੇਤਨਾ 'ਤੇ ਅਨੇਕਾਂ ਪਰਿਭਾਸ਼ਾਵਾਂ ਮਿਲਦੀਆਂ ਹਨ, ਪਰ ਮੈਂ ਆਪਣੇ ਪਰਚੇ ਦੀ ਲੰਬਾਈ ਨੂੰ ਧਿਆਨ ਵਿਚ ਰੱਖਦਿਆਂ ਉਹਨਾਂ ਤੇ ਗੱਲ ਨਹੀਂ ਕਰ ਪਾਵਾਂਗਾ। ਮੈਂ ਆਪਣੀ ਗੱਲ ਆਪਣੇ ਵਿਸ਼ੇ 'ਗੁਰੂ ਰਵਿਦਾਸ ਬਾਣੀ ਵਿਚ ਦਲਿਤ ਚੇਤਨਾ' ਤੇ ਕੇਂਦਰਿਤ ਰੱਖਣਾ ਚਾਹੁੰਦਾ ਹਾਂ।

ਗੁਰੂ ਰਵਿਦਾਸ ਜੀ ਭਗਤੀ ਲਹਿਰ ਦੇ ਸ਼੍ਰੋਮਣੀ ਭਗਤ, ਸੰਤ ਹੋਏ ਹਨ। ਉਹਨਾਂ ਦੀ ਬਾਣੀ ਜਨ ਕਲਿਆਣ ਦੀ ਗੱਲ ਕਰਦਿਆਂ ਦਲਿਤ ਚੇਤਨਾ ਪੈਦਾ ਕਰਦੀ ਹੈ। ਗੁਰੂ ਰਵਿਦਾਸ ਬਾਣੀ ਦਾ 'ਸਮਦਲ' ਦਾ ਸੰਕਲਪ, ਉਸ ਲੋਕ ਕਲਿਆਣ ਦੀ ਗੱਲ ਕਰਦਾ ਹੈ, ਜੋ ਲੋਕ ਕਲਿਆਣ ਏਕਤਾ ਵਿਚ ਹੈ, ਸਭ ਨੂੰ ਇਕ ਸਮਾਨ 'ਕੁਦਰਤ ਦੇ ਸਭ ਬੰਦੇ' ਸਮਝਣ ਵਿਚ ਹੈ। ਭਾਰਤੀ ਸਮਾਜ ਵਿਖਮ ਅਤੇ ਗੁੰਝਲਦਾਰ ਸਮੂਹਾਂ ਵਿਚ ਵੰਡਿਆ ਹੋਇਆ ਹੈ, ਇਹ ਸਮਾਜ

ਅਨੇਕਤਾਵਾਂ ਵਿਚ ਏਕਤਾ ਦਾ ਪ੍ਰਤੀਕ ਹੈ। ਬਹੁਤ ਸਾਰੀਆਂ ਅਨੇਕਤਾਵਾਂ ਤੋਂ ਇਲਾਵਾ ਇਕ ਹੋਰ ਮਹੱਤਵਪੂਰਨ ਪੱਖ ਜਾਤ-ਪ੍ਰਣਾਲੀ ਵੀ ਹੈ, ਜੋ ਭਾਰਤੀ ਸਮਾਜ ਨੂੰ ਛੋਟੀਆਂ-ਛੋਟੀਆਂ ਕਈ ਅਨਿੱਖੜਵੀਆਂ ਸ਼੍ਰੇਣੀਆਂ ਵਿਚ ਵੰਡਦੀ ਹੈ। ਜਾਤ/ਵਰਣ ਪ੍ਰਣਾਲੀ ਦੀ ਉਤਪੱਤੀ ਬਾਰੇ ਸਭ ਤੋਂ ਪਹਿਲਾਂ ਰਿਗਵੇਦ ਵਿਚ ਚਰਚਾ ਕੀਤੀ ਮਿਲਦੀ ਹੈ। ਰਿਗਵੇਦ ਵਿਚ ਇਕ ਪੈਰ੍ਹਾ ਮਿਲਦਾ ਹੈ, ਜਿਸ ਨੂੰ ਪੁਰਸ਼ ਸੂਕਤ ਆਖਿਆ ਜਾਂਦਾ ਹੈ। ਪੁਰਸ਼ ਸੂਕਤ ਵਿਚ ਸਮਾਜਿਕ ਵਿਵਸਥਾ ਦੀ ਤੁਲਨਾ ਇਕ ਪੁਰਸ਼ ਨਾਲ ਪ੍ਰਤੀਕ ਦੇ ਰੂਪ ਵਿਚ ਕੀਤੀ ਗਈ ਹੈ, ਜੋ ਕਿ ਇਕ ਸਰਵ-ਵਿਆਪੀ ਪੁਰਸ਼ ਜਾਂ ਸਮੁੱਚੀ ਮਾਨਵ ਜਾਤੀ ਦਾ ਪ੍ਰਤੀਕ ਹੈ। ਇਸੇ ਵਿਸ਼ਵ ਪੁਰਸ਼ ਦੇ ਭਿੰਨ-ਭਿੰਨ ਸਰੀਰਕ ਅੰਗਾਂ ਤੋਂ ਚਾਰੇ ਵਰਣਾਂ ਦੀ ਉਤਪੱਤੀ ਦਰਸਾਈ ਗਈ ਹੈ। ਇਸ ਪੁਰਸ਼ ਦੇ ਮੁੱਖ ਤੋਂ ਬ੍ਰਾਹਮਣਾਂ ਦੀ, ਬਾਹਾਂ ਤੋਂ ਕਸ਼ੱਤਰੀਆਂ ਦੀ, ਪੱਟਾਂ ਤੋਂ ਵੈਸ਼ਾਂ ਦੀ ਅਤੇ ਪੈਰਾਂ ਤੋਂ ਸ਼ੂਦਰਾਂ ਦੀ ਉਤਪੱਤੀ ਦਾ ਜ਼ਿਕਰ ਕੀਤਾ ਗਿਆ ਹੈ। ਰਿਗਵੇਦ ਵਿਚ ਮਿਲਦਾ ਇਹ ਸਾਰਾ ਜਿਕਰ ਪ੍ਰਤੀਕਾਤਮਕ ਹੈ।[5] ਇਸ ਤਰ੍ਹਾਂ ਦੀ ਸਮਾਜਿਕ ਜਾਤੀ-ਪਾਤੀ ਵੰਡ ਨੂੰ ਇਕ ਨੂਰ ਸਮਝਣ ਤੇ ਸਮਝਾਉਣ ਦੀ ਗੱਲ ਗੁਰੂ ਰਵਿਦਾਸ ਜੀ ਬਾਣੀ ਵਿਚ ਇਸ ਤਰ੍ਹਾਂ ਕਰਦੇ ਹਨ,

ਸਰੀਰ ਅਰਾਧੈ ਮੋ ਕਉ ਬੀਚਾਰੁ ਦੇਹੂ॥
ਰਵਿਦਾਸ ਸਮਦਲ ਸਮਝਾਵੈ ਕੋਊ॥[6]

ਇਸ ਦੌਰ ਵਿਚ ਰਿਗਵੇਦ ਦੇ ਚਾਰ ਵਰਣਾਂ ਤੋਂ ਇਲਾਵਾ ਇਕ ਪੰਚਮ ਵਰਣ ਵੀ ਹੋਂਦ ਵਿਚ ਆ ਗਿਆ ਸੀ। ਜਿਸਨੂੰ ਅਛੂਤ ਆਖਿਆ ਜਾਂਦਾ ਸੀ। ਇਹਨਾਂ ਲੋਕਾਂ ਨੂੰ ਚੰਡਾਲ ਕਿਹਾ ਜਾਂਦਾ ਸੀ। ਇਹ ਲੋਕ ਪਿੰਡ ਤੋਂ ਬਾਹਰ ਛਿਪਦੇ ਵਾਲੇ ਪਾਸੇ ਰਹਿੰਦੇ ਸਨ। ਉਹਨਾਂ ਲਈ ਪਿੰਡ ਵਿਚ ਪ੍ਰਵੇਸ਼ ਕਰਨ ਲਈ ਇਕ ਖਾਸ ਸਮਾਂ ਨਿਸ਼ਚਿਤ ਹੁੰਦਾ ਸੀ। ਵਰਣ ਵਿਵਸਥਾ ਦੇ ਅੰਤਰਗਤ ਇਹ ਸਮਾਜ ਦਾ ਅੰਗ ਨਹੀਂ ਸਨ ਸਮਝੇ ਜਾਂਦੇ। ਇਹਨਾਂ ਦਾ ਕਿੱਤਾ ਮਰੇ ਹੋਏ ਪਸ਼ੂਆਂ ਦੀਆਂ ਖੱਲਾਂ ਉਤਾਰਨੀਆਂ, ਗੰਦਗੀ ਸਾਫ਼ ਕਰਨਾ ਅਤੇ ਜੁੱਤੀਆਂ ਬਣਾਉਣ ਦਾ ਸੀ। ਗੁਰੂ ਰਵਿਦਾਸ ਜੀ ਬਾਣੀ ਵਿਚ ਭਗਵਾਨ ਬਾਲਮਿਕ ਜੀ ਦੀ ਉਦਾਹਰਨ ਦਿੰਦੇ ਲੋਕਾਈ ਨੂੰ ਸਮਝਾਉਂਦੇ ਹਨ ਕਿ ਨਾਮ-ਸਿਮਰਨ ਦੀ ਤਾਕਤ ਨਾਲ ਕੋਈ ਵੀ ਪੁਰਸ਼ ਕਿਸੇ ਵੀ ਜਾਤੀ ਨਾਲ ਸੰਬੰਧ ਰੱਖਣ ਵਾਲਾ ਉੱਚੀ ਪਦਵੀ ਹਾਸਲ ਕਰ ਲੈਂਦਾ ਹੈ,

ਰੇ ਚਿਤ ਚੇਤਿ ਚੇਤ ਅਚੇਤ॥ ਕਾਹੇ ਨਾ ਬਾਲਮੀਕਹਿ ਦੇਖ॥
ਕਿਸ ਜਾਤਿ ਤੇ ਕਿਹ ਪਦਹਿ ਅਮਰਿਓ ਰਾਮ ਭਗਤਿ
ਬਿਸੇਖ॥
ਸੁਆਨ ਸਤ੍ਰੁ ਅਜਾਤ ਸਭ ਤੇ ਕ੍ਰਿਸ਼ਨ ਲਾਵੈ ਹੇਤੁ॥

ਲੋਗ ਬਪੁਰਾ ਕਿਆ ਸਰਾਹੈ ਤੀਨਿ ਲੋਕ ਪ੍ਰਵੇਸ॥[7]

ਮੱਧਕਾਲੀ ਭਗਤੀ ਲਹਿਰ ਚੇਤਨਾ ਦੇ ਧਾਰਮਿਕ ਮੁਹਾਵਰੇ ਦੇ ਬਾਵਜੂਦ ਕ੍ਰਾਂਤੀਕਾਰੀ ਲਹਿਰ ਸੀ। ਇਸ ਲਹਿਰ ਨੇ ਮਾਨਵਵਾਦੀ ਧਰਾਤਲ ਉੱਤੇ ਸਨਾਤਨੀ ਮੁੱਲਾਂ ਨੂੰ ਚੁਣੌਤੀ ਦਿੱਤੀ। ਇਹ ਕਾਵਿ ਅਧਿਆਤਮ ਨੂੰ ਕੇਂਦਰ ਵਿਚ ਰੱਖ ਕੇ ਵਿਵਸਥਾ ਵਿਰੋਧੀ ਵਤੀਰਾ ਅਪਣਾਉਂਦਾ ਹੈ। ਡਾ. ਸੁਖਦੇਵ ਸਿੰਘ ਆਪਣੀ ਪੁਸਤਕ 'ਪੰਜਾਬੀ ਕਵਿਤਾ: ਪੁਨਰ ਸੰਵਾਦ' ਵਿਚ ਲਿਖਦੇ ਹਨ,

> ਭਾਰਤੀ ਸਾਂਸਕ੍ਰਿਤਕ ਸੰਦਰਭ ਵਿਚ ਧਰਮ ਮਨੁੱਖ ਦੇ
> ਅਸਤਿੱਤਵੀ ਮਨੋਵਿਗਿਆਨ ਅਤੇ ਸਮਾਜਿਕ
> ਸਰੋਕਾਰਾਂ ਤੋਂ ਕਦੇ ਵੀ ਅਭਿੱਜ ਨਹੀਂ ਰਿਹਾ, ਸਗੋਂ
> ਉਸਨੇ ਸਥਿਰ ਮਾਨਤਾਵਾਂ, ਪ੍ਰਤਿਗਾਮੀ ਵਿਚਾਰਧਾਰਾ
> ਅਤੇ ਰੂੜ੍ਹੀਵਾਦੀ ਪਰੰਪਰਾਵਾਦ ਨੂੰ ਚੁਣੌਤੀ ਦਿੱਤੀ।[8]

ਭਗਤੀ ਲਹਿਰ ਦੇ ਮਹਾਂਪੁਰਸ਼ਾਂ ਨੇ ਆਪਣੀ ਨੀਵੀਂ ਸਮਝੀ ਜਾਤ ਦਾ ਜ਼ਿਕਰ ਆਪਣੀ ਬਾਣੀ ਵਿਚ ਕੀਤਾ ਹੈ। ਇਹ ਜ਼ਿਕਰ ਵੀ ਚੇਤਨਾਮਈ ਹੋ ਨਿਬੜਦਾ ਹੈ, ਜਦੋਂ ਉਹ ਹਾਸ਼ੀਆਕ੍ਰਿਤ ਹੋਣ ਦੇ ਬਾਵਜੂਦ ਆਪਣੇ ਸੰਘਰਸ਼-ਨਾਲ ਨਾਮ-ਸਿਮਰਨ ਦੀ ਤਾਕਤ ਨਾਲ ਵੇਲੇ ਦੇ ਬਿਪਰਾਂ ਨੂੰ, ਵੱਡੇ-ਵੱਡੇ ਹੰਕਾਰੀ, ਜਾਤੀ ਗੁਮਾਨ ਨਾਲ ਭਰੇ ਪਏ ਪੰਡਿਤਾਂ ਨੂੰ ਆਪਣੇ ਚਰਨੀ ਡਿੱਗਣ ਲਈ ਮਜ਼ਬੂਰ ਕਰ ਦਿੰਦੇ ਹਨ। ਗੁਰੂ ਰਵਿਦਾਸ ਬਾਣੀ ਵਿਚ ਜ਼ਿਕਰ ਕਰਦੇ ਹਨ,

> ਨਾਗਰ ਜਨਾ ਮੇਰੀ ਜਾਤਿ ਬਿਖਿਆਤ ਚੰਮਾਰੰ॥
> ਰਿਦੈ ਰਾਮ ਗੋਬਿੰਦ ਗੁਨ ਸਾਰੰ॥
> --------------------
> ਮੇਰੀ ਜਾਤ ਕੁਟ ਬਾਂਢਲਾ ਢੋਰ ਢੋਵੰਤਾ॥
> ਨਿਤਹਿ ਬਾਨਾਰਸੀ ਆਸ ਪਾਸਾ॥
> ਅਬ ਬ੍ਰਿਪ ਪਰਧਾਨ ਤਿਹਿ ਕਰਹਿ ਡੰਡਉਤਿ॥
> ਤੇਰੇ ਨਾਮ ਸਰਣਾਇ ਰਵਿਦਾਸ ਦਾਸਾ॥[9]

ਗੁਰੂ ਰਵਿਦਾਸ ਜੀ ਨੇ ਨੀਵੀਂ ਜਾਤ ਦੇ ਲੋਕਾਂ ਅੰਦਰ ਸ੍ਵੈਮਾਨ ਦਾ ਅਹਿਸਾਸ ਲਿਆਂਦਾ। ਉਹਨਾਂ ਨੇ ਆਪਣੀ ਕਰਨੀ ਦੁਆਰਾ ਇਹ ਦਿਖਾ ਦਿੱਤਾ ਕਿ ਜਿਹੜੇ ਬ੍ਰਾਹਮਣ ਸ਼ੂਦਰ ਦੀ ਗੱਲ ਨਹੀਂ ਸਨ ਕਰਨੀ ਚਾਹੁੰਦੇ, ਹੁਣ ਉਹ ਉਹਨਾਂ ਦੇ ਚਰਨਾਂ ਤੇ ਝੁੱਕਦੇ ਹਨ। ਪਵਿੱਤਰ, ਪਾਵਨ, ਪੁਨੀਤ ਜਾਂ ਸ੍ਰੇਸ਼ਟ ਕੋਈ ਵੀ ਜਾਤ ਕਰਕੇ ਨਹੀਂ ਹੁੰਦਾ। ਇਹ ਵਡਿਆਈ ਭਗਤ ਨੂੰ ਹੀ ਮਿਲਦੀ ਹੈ, ਜੋ

ਕਿਸੇ ਵੀ ਜਾਤ ਦਾ ਹੋ ਸਕਦਾ ਹੈ। ਫਿਰ ਉਹ ਇਸ ਯੋਗ ਵੀ ਹੋ ਜਾਂਦਾ ਹੈ ਕਿ ਦੂਜਿਆਂ ਨੂੰ ਉਸ ਮੰਜ਼ਿਲ ਤੇ ਪੁਚਾ ਦੇਵੇ ਜਿੱਥੇ ਕਿ ਉਹ ਆਪ ਪਹੁੰਚਿਆ ਹੁੰਦਾ ਹੈ। ਭਗਤੀ ਜਾਤ ਦੀਆਂ ਹੱਦ ਬੰਨ੍ਹੀਆਂ ਤੋੜ ਕੇ ਇਹ ਸੋਧ ਦਿੰਦੀ ਹੈ ਕਿ,

ਬ੍ਰਾਹਮਣ ਬੈਸ ਸੂਦ ਅਰ ਖ੍ਹਤ੍ਰੀ
ਡੋਮ ਚੰਡਾਰ ਮਲੇਛ ਮਨ ਸੋਇ॥
ਹੋਇ ਪੁਨੀਤ ਭਗਵੰਤ ਭਜਨ ਤੇ,
ਆਪੁ ਤਾਰਿ ਤਾਰੇ ਕੁਲ ਦੋਇ॥ [10]

ਭਗਤੀ ਲਹਿਰ ਵਿਚ ਐਸੀ ਸ਼ਕਤੀ ਸੀ, ਜਿਸ ਨੇ ਖੰਡਿਤ ਸਮਾਜ ਨੂੰ ਇਕ ਧਾਗੇ ਵਿਚ ਪ੍ਰੋਣ ਦਾ ਕੰਮ ਕੀਤਾ। ਇਸ ਦਾ ਧੁਰਾ ਰੱਬ ਦੀ ਸਰਬ ਵਿਆਪਕਤਾ ਦਾ ਵਿਸ਼ਵਾਸ ਸੀ, ਜੋ ਵਿਤਕਰੇ ਨੂੰ ਮਿਟਾਂਦਾ ਹੈ। ਗੁਰੂ ਰਵਿਦਾਸ ਜੀ ਨੇ ਜਾਤੀ ਸਮਾਨਤਾ ਦੇ ਪ੍ਰਚਾਰ ਨਾਲ ਜਾਤ-ਪਾਤ ਦੀ ਨਫ਼ਰਤ ਘਟਾਈ, ਲੋਕਾਂ ਵਿਚ ਸਦ ਭਾਵਨਾ ਲਿਆਂਦੀ। ਜਿਸ ਕਾਰਨ ਨੀਵੇਂ ਵਰਗ ਨੂੰ ਉਚਿਆਂ ਉੱਠਣ ਦਾ ਉਤਸ਼ਾਹ ਮਿਲਿਆ। ਗੁਰੂ ਜੀ ਲਿਖਦੇ ਹਨ,

ਸਰਬੇ ਏਕ ਅਨੇਕੈ ਸੁਆਮੀ
ਸਭ ਘਟ ਭੋਗਵੈ ਸੋਈ॥ 11

ਅਤੇ

ਜਹ ਜਹ ਜਾਉ ਤਹਾ ਤੇਰੀ ਸੇਵਾ
ਤੁਮ ਸੋ ਠਾਕੁਰ ਅਉਰ ਨ ਦੇਵਾ॥ [12]

ਗੁਰੂ ਰਵਿਦਾਸ ਜੀ ਦੇ ਤਤਕਾਲੀ ਸਮਾਜ ਦਾ ਰਾਜਸੀ ਸਰੂਪ ਸਾਮੰਤਵਾਦੀ ਸੀ, ਜੋ ਜਾਗੀਰਦਾਰੀ ਪ੍ਰਬੰਧ ਅਧੀਨ ਉਪਰੋਂ ਹੇਠਾਂ ਤੱਕ ਇਕਸਾਰ ਕਾਰਜ ਕਰਦਾ ਸੀ। ਸਾਮੰਤ ਹੀ ਇਕੋ ਇਕ ਸ਼ਾਸਕ ਹੁੰਦਾ ਸੀ, ਜਿਸ ਦਾ ਰੁਤਬਾ ਜਨ ਮਾਨਸ ਦੀ ਚੇਤਨਾ ਵਿਚ ਪ੍ਰਭੂ ਵਜੋਂ ਸਥਾਪਿਤ ਕੀਤਾ ਜਾਂਦਾ ਸੀ। ਪ੍ਰੋਹਿਤ ਸ਼੍ਰੇਣੀ ਲੋਕ ਮਾਨਸਿਕਤਾ ਨੂੰ ਭਰਮ ਜਾਲ ਦੇ ਅਜਿਹੇ ਕਰੜੇ ਬੰਧਨਾ ਵਿਚ ਬੰਨ੍ਹ ਦਿੰਦੀ ਸੀ ਕਿ ਉਹ ਸ਼ਾਸਕ ਦੇ ਇਸ ਨਿਸ਼ਚਿਤ ਰੂਪ ਨੂੰ ਸੁੱਤੇ ਸਿੱਧ ਅੰਗੀਕਾਰ ਕਰ ਲੈਂਦੇ ਸਨ। ਗੁਰੂ ਰਵਿਦਾਸ ਜੀ ਨੇ ਇਸ ਸਿਸਟਮ ਨੂੰ ਅਪ੍ਰਵਾਨ ਕਰਦਿਆਂ ਪ੍ਰਭੂ ਨਾਲ ਇਕਸੁਰ ਹੋਣ ਲਈ ਵਿਚੋਲਿਆਂ ਦੀ ਵਿਚੋਲਗਿਰੀ ਸਮਾਪਤ ਕਰਦਿਆਂ ਲੋਕ-ਮਾਨਸ ਦੀ ਚੇਤਨਾ ਵਿਚ 'ਸਮਦਲ' ਦੀ ਗੱਲ ਬਿਠਾ ਦਿੱਤੀ। ਇਸ ਸੰਦਰਭ ਵਿਚ ਗੁਰੂ ਜੀ ਦਾ ਦਰਸ਼ਨ ਲੋਕ ਜੀਵਨ ਦੀ ਨਿਰੰਤਰ ਆਜ਼ਾਦੀ ਦਾ ਪੱਖ ਪੂਰਦਾ ਹੈ। ਇਸੇ ਕਰਕੇ ਗੁਰੂ ਜੀ ਨੇ 'ਕਲਿਆਣਕਾਰੀ ਰਾਜ' ਦਾ ਸੰਕਲਪ ਦਿੱਤਾ, ਜਿੱਥੇ ਜਾਤਪਾਤ, ਰੰਗ-ਰੂਪ, ਅਮੀਰ-ਗਰੀਬ ਤੇ ਊਚ-ਨੀਚ ਦਾ ਕੋਈ ਵਿਤਕਰਾ ਨਹੀਂ ਹੋਵੇਗਾ ਤੇ ਸਭ ਨਾਗਰਿਕ ਸਮਾਜਿਕ, ਆਰਥਿਕ,

ਰਾਜਨੀਤਕ ਤੇ ਧਾਰਮਿਕ ਤੌਰ 'ਤੇ ਬਰਾਬਰ ਹੋਣਗੇ, ਜਿਹਨਾਂ ਨੂੰ ਹਰ ਪ੍ਰਕਾਰ ਦੇ ਹੱਕ ਪ੍ਰਾਪਤ ਹੋਣਗੇ। ਉਹ ਲਿਖਦੇ ਹਨ,

ਬੇਗਮਪੁਰਾ ਸਹਰ ਕੋ ਨਾਉ,
ਦੂਖੁ ਅੰਦੋਹੁ ਨਹੀ ਤਿਹਿ ਠਾਉ॥
ਨਾ ਤਸਵੀਸ ਖਿਰਾਜੁ ਨ ਮਾਲੁ
ਖਉਫੁ ਨ ਖਤਾ ਨ ਤਰਸੁ ਜਵਾਲੁ॥
-----------------
ਕਹਿ ਰਵਿਦਾਸ ਖਲਾਸ ਚਮਾਰਾ
ਜੋ ਹਮ ਸਹਰੀ ਸੁ ਮੀਤੁ ਹਮਾਰਾ॥ [13]

ਇਹ ਉਪਰੋਕਤ ਸ਼ਬਦ ਗੁਰੂ ਰਵਿਦਾਸ ਜੀ ਦੀ ਬਾਣੀ ਵਿਚ ਦਲਿਤ ਚੇਤਨਾ ਦਾ ਸਿਖ਼ਰ ਹੈ, ਜਿਹੜਾ ਕਿ ਇਕ ਏਹੋ ਜਿਹੇ ਸਮਾਜ ਦੀ ਕਲਪਨਾ ਹੈ ਜਿੱਥੇ ਕੋਈ ਵੀ ਵਿਤਕਰੇਬਾਜੀ ਨਹੀਂ ਹੈ। ਜਿੱਥੇ ਸਮਾਜਵਾਦ ਦਾ ਬੋਲਬਾਲਾ ਹੈ। ਜਿੱਥੇ ਸਭ ਮਨੁੱਖ (ਦਲ) ਸਮਦਲ (ਇਕ ਸਮਾਨ) ਹਨ। ਇਹੀ ਸਮਦਲ ਭਗਤਾਂ ਦਾ ਇਕ ਨੂਰ ਹੈ। ਇਹੀ ਇਕ ਨੂਰ ਦੀ ਭਾਵਨਾ ਵਿਸ਼ੇ-ਵਿਕਾਰਾਂ, ਲੜਾਈ-ਝਗੜਿਆਂ, ਦਵੈਸ਼ (ਦੂਜ) ਸਮਝਣ ਦੀ ਮਾਨਸਿਕਤਾ ਤੋਂ ਦੂਰ ਨਿਰਭਓ ਤੇ ਨਿਰਵੈਰ ਸਮਾਜ ਸਿਰਜਣ ਵਿਚ ਸਹਾਈ ਹੈ। ਇਹ ਹੀ ਗੁਰੂ ਰਵਿਦਾਸ ਜੀ ਦੀ ਬਾਣੀ ਦੀ ਚੇਤਨਾ ਹੈ।

## ਹਵਾਲੇ ਅਤੇ ਟਿੱਪਣੀਆਂ


1. ਮੇਘਾ ਸਲਵਾਨ, ਦਲਿਤ ਚੇਤਨਾ ਦਾ ਸੰਕਲਪ, ਦਲਿਤ ਸਰੋਕਾਰ ਸਿਧਾਂਤ ਤੇ ਵਿਹਾਰ (ਸੰਪਾ. ਡਾ. ਮਹਿਲ ਸਿੰਘ, ਡਾ. ਕੰਵਲਪ੍ਰੀਤ ਕੌਰ), ਪੰਨਾ 102
2. ਡਾ. ਰੌਣਕੀ ਰਾਮ, ਦਲਿਤ ਪਛਾਣ ਮੁਕਤੀ ਤੇ ਸਸ਼ਕਤੀਕਰਨ, ਪੰਨਾ 82
3. ਡਾ. ਸਰਬਜੀਤ ਸਿੰਘ (ਸੰਪਾ), ਦਲਿਤ ਦ੍ਰਿਸ਼ਟੀ, ਪੰਨਾ 104
4. ਡਾ. ਜਸਬੀਰ ਸਿੰਘ ਸਾਬਰ, ਰਵਿਦਾਸ ਬਾਣੀ-ਬਹੁਪੱਖੀ ਅਧਿਐਨ, ਪੰਨਾ 147
5. ਉਧਰਿਤ, ਡਾ. ਬਲਦੇਵ ਸਿੰਘ ਰਹਿਲ, ਡਾ. ਜੀ.ਐਸ. ਭਟਨਾਗਰ, ਭਾਰਤੀ ਸਮਾਜ, ਪੰਨਾ 49
6. ਗੁਰੂ ਗ੍ਰੰਥ ਸਾਹਿਬ, ਪੰਨਾ 63

7. ਉਹੀ, ਪੰਨਾ 1124

8. ਡਾ. ਸੁਖਦੇਵ ਸਿੰਘ, ਪੰਜਾਬੀ ਕਵਿਤਾ ਪੁਨਰ ਸੰਵਾਦ, ਪੰਨਾ 14

9. ਗੁਰੂ ਗ੍ਰੰਥ ਸਾਹਿਬ, ਪੰਨਾ 1293

10. ਉਹੀ, ਪੰਨਾ 858

11. ਉਹੀ, ਪੰਨਾ 657

12. ਉਹੀ, ਪੰਨਾ 658

13. ਉਹੀ, ਪੰਨਾ 345

ਸਮਕਾਲੀ ਵਿਸ਼ਵੀ ਚਿੰਤਨ ਵਿੱਚ ਹਾਸ਼ੀਆਗਤ ਸਮੂਹਾਂ, ਲੋਕਾਂ ਸਬਾਲਟਰਨ ਤੇ ਸਮਾਜ ਵਿੱਚੋਂ ਕਿਨਾਰੇ 'ਤੇ ਕਰ ਦਿੱਤੇ ਗਏ ਲੋਕਾਂ ਬਾਰੇ ਗੰਭੀਰ ਚਰਚਾ ਛਿੜੀ ਹੋਈ ਹੈ। ਇਸ ਵਿਚਾਰ ਚਰਚਾ ਵਿੱਚ ਹਾਸ਼ੀਆਗਤ ਸਮੂਹਾਂ, ਲੋਕਾਂ ਦੀਆਂ ਪਛਾਣਾਂ, ਸਥਿਤੀ ਤੇ ਦਮਨ ਦੇ ਕਾਰਨਾਂ ਬਾਰੇ ਡੂੰਘੀ ਪਰਖ ਪੜਚੋਲ ਕੀਤੀ ਜਾ ਰਹੀ ਹੈ। ਮਨੁੱਖੀ ਸਮਾਜ ਦੇ ਅਜੋਕੇ ਸੱਭਿਅਕ ਅਤੇ ਨਿਆਂਪੂਰਵਕ ਜੀਵਨ ਤੋਂ ਮਹਿਰੂਮ ਹਾਸ਼ੀਆਗਤ ਸਮੂਹਾਂ ਤੇ ਲੋਕਾਂ ਨੂੰ ਇੱਕੋ ਜਿਹੇ ਢੰਗ ਨਾਲ ਪਰਿਭਾਸ਼ਤ ਨਹੀਂ ਕੀਤਾ ਜਾ ਸਕਦਾ ਕਿਉਂਕਿ ਇਨ੍ਹਾਂ ਹਾਸ਼ੀਆਗਤ ਸਮੂਹਾਂ ਤੇ ਲੋਕਾਂ ਦੇ ਹਾਸ਼ੀਏ 'ਤੇ ਚਲੇ ਜਾਣ ਦੇ ਵੱਖੋ-ਵੱਖਰੇ ਭੂਗੋਲਿਕ, ਸਮਾਜਿਕ, ਰਾਜਨੀਤਿਕ ਤੇ ਸੱਭਿਆਚਾਰਕ ਕਾਰਨ ਹਨ। ਜਦੋਂ ਅਸੀ ਹਾਸ਼ੀਆਗਤ ਸਮੂਹਾਂ ਬਾਰੇ ਭਾਰਤ ਦੇ ਪ੍ਰਸੰਗ ਵਿੱਚ ਗੱਲ ਕਰਦੇ ਹਾਂ ਤਾਂ ਭਾਰਤ ਬਹੁ-ਕੌਮੀਅਤ, ਬਹੁ-ਧਰਮੀ, ਬਹੁ-ਭਾਸ਼ਾਈ, ਬਹੁ-ਜਾਤੀ, ਅਤੇ ਬਹੁ-ਸੱਭਿਆਚਾਰੀ ਦੇਸ਼ ਹੋਣ ਕਰਕੇ ਇਸ ਦੀ ਕਿਸੇ ਵੀ ਇਕਸਾਰਤਾ ਨੂੰ ਨਿਰਧਾਰਤ ਨਹੀਂ ਕੀਤਾ ਜਾ ਸਕਦਾ। ਇਸ ਕਿਤਾਬ 'ਚ ਸ਼ਾਮਲ ਵੱਖ-ਵੱਖ ਖੋਜ ਪੱਤਰਾਂ ਰਾਹੀਂ ਭਾਰਤੀ ਰਾਸ਼ਟਰ ਤੇ ਸਮਾਜ ਵਿੱਚ ਹਾਸ਼ੀਏ 'ਤੇ ਧੱਕੇ ਗਏ ਸਮੂਹਾਂ ਦੀ ਪਛਾਣ ਕਰਦੇ ਹੋਏ ਸਾਹਿਤ, ਭਾਸ਼ਾ, ਸੱਭਿਆਚਾਰ ਤੇ ਮੀਡੀਆ ਦੇ ਹਵਾਲੇ ਨਾਲ ਉਨ੍ਹਾਂ ਅੰਦਰ ਪੈਦਾ ਹੋ ਰਹੀ ਚੇਤਨਾ ਦੇ ਵਿਭਿੰਨ ਪਾਸਾਰਾਂ ਦੀ ਨਿਸ਼ਾਨਦੇਹੀ ਕਰਨ ਦਾ ਯਤਨ ਕੀਤਾ ਗਿਆ ਹੈ।

ਸੰਪਾਦਕ

Forever Learning

ISBN 978-93-5205-719-1

9 789352 057191

www.unistarbooks.com ₹ 500/-



Photo credit: Raúl Cantú